ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ, ਐਸ ਏ ਐਸ ਨਗਰ

ਕੰਪਃਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼ਃ8, ਸਅਸ ਨਗਰ

**(ਪਬਲਿਕ ਨੋਟਿਸ)**

ਮੀਮੋ ਨੰਃ ਟਰਾਂਸਫਰਸੈੱਲ/2025666102/4 ਮਿਤੀਃਐਸ.ਏ.ਐਸ ਨਗਰਃ 07-07-2025

1.0 ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰਃ 11/35/2018-1Edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਅਤੇ ਉਸ ਉਪਰੰਤ ਸਮੇਂ-2 ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿੱ), ਪੰਜਾਬ ਦੇ ਮੀਮੋ ਨੰ ਃ SSA/HR/Transfer/ 2020/118750, ਮਿਤੀ 22-05-2020 ਰਾਹੀਂ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ।

3.0 ਸਾਲ 2025 ਦੀਆਂ ਆਮ ਬਦਲੀਆਂ ਦੌਰਾਨ ਪੋਰਟਲ ਰਾਹੀਂ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ (ਈਟੀਟੀ, ਹੈੱਡ ਟੀਚਰ ਅਤੇ ਸੈਂਟਰ ਹੈੱਡ ਟੀਚਰ) ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ., ਏ.ਆਈ.ਈ, ਐਸ.ਟੀ.ਆਰ. ਵਲੰਟੀਅਰਜ, ਆਈ.ਈ. ਵਲੰਟੀਅਰਜ ਜੋ ਬਦਲੀ ਲਈ ਅਪਲਾਈ ਕਰਨਾ ਚਾਹੁੰਦੇ ਸਨ, ਪਾਸੋਂ ਜਨਤਕ ਸੂਚਨਾ ਮਿਤੀ 06-06-2025 ਜਾਰੀ ਕਰਦੇ ਹੋਏ ਮਿਤੀ 13-06-2025 ਤੱਕ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਉਸ ਉਪਰੰਤ ਦਰਖਾਸਤਕਰਤਾ ਵੱਲੋਂ ਭਰੇ ਗਏ ਡਾਟਾ ਨੂੰ ਵੈਰੀਫਾਈ ਕਰਨ ਹਿੱਤ ਬੀਪੀਈਓ/ਡੀਡੀਓ ਨੂੰ ਮਿਤੀ 14-06-2025 ਤੋਂ 18-06-2025 ਤੱਕ ਦਾ ਸਮਾਂ ਦਿੱਤਾ ਗਿਆ ਸੀ।

4.0 ਕੁਝ ਅਧਿਆਪਕਾਂ ਵੱਲੋਂ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ ਕਿ ਉਹ ਬਦਲੀ ਲਈ ਅਪਲਾਈ ਨਹੀਂ ਕਰ ਸਕੇ ਜਾਂ ਉਨ੍ਹਾਂ ਵੱਲੋਂ ਬਦਲੀ ਲਈ ਅਪਲਾਈ ਕੀਤਾ ਗਿਆ ਪਰੰਤੂ ਉਨ੍ਹਾਂ ਵੱਲੋਂ ਡਾਟਾ ਅਪਰੂਵ ਨਹੀਂ ਹੋ ਸਕਿਆ ਅਤੇ ਡਾਟਾ ਬੀਪੀਈਓ/ਡੀਡੀਓ ਤੱਕ ਨਹੀਂ ਪੁੱਜਿਆ ਜਾਂ ਬੀਪੀਈਓ/ਡੀਡੀਓ ਵੱਲੋਂ ਅਪਰੂਵ ਨਹੀਂ ਹੋ ਸਕਿਆ। ਇਸ ਲਈ ਉਨ੍ਹਾਂ ਵੱਲੋਂ ਬਦਲੀ ਲਈ ਅਪਲਾਈ/ਡਾਟਾ ਅਪਰੂਵ ਕਰਨ ਸਬੰਧੀ ਇੱਕ ਮੌਕੇ ਦੀ ਮੰਗ ਕੀਤੀ ਗਈ ਹੈ।

5.0 ਲੜੀ ਨੰਃ 4.0 ਤੇ ਦਰਜ ਅਧਿਆਪਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਵੇਰਵੇ ਜਿਵੇਂ ਕਿ General Details, Results, Service Record ਭਰਨ/ਅਪਰੂਵ ਕਰਨ ਸਬੰਧੀ ਮੌਕਾ ਦਿੱਤਾ ਜਾਂਦਾ ਹੈ ਅਤੇ ਉਹ ਈਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ ਮਿਤੀ 07.07.2025 ਤੋਂ 10.07.2025 ਤੱਕ ਅਪਲਾਈ ਕਰ ਸਕਦੇ ਹਨ।

6.0 ਦਰਖਾਸਤਕਰਤਾਵਾਂ ਵੱਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਜਾਣਾ ਹੈ, ਉਸ ਦੀ ਤਸਦੀਕ ਬੀਪੀਈਓ/ਡੀਡੀਓ ਵੱਲੋਂ ਮਿਤੀ 11.07.2025 ਨੂੰ ਕੀਤੀ ਜਾਣੀ ਹੈ। ਇਸ ਮੰਤਵ ਲਈ ਬੀਪੀਈਓ/ਡੀਡੀਓ ਈਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer and Verification ਤੇ ਜਾ ਕੇ ਦਰਖਾਸਤਕਰਤਾ ਵੱਲੋਂ ਭਰੇ ਡਾਟੇ ਦੀ ਵੇਰੀਫਿਕੇਸ਼ਨ ਕਰਨਗੇ ਅਤੇ ਯਕੀਨੀ ਬਣਾਉਣਗੇ ਕਿ ਦਰਖਾਸਤਕਰਤਾ ਵੱਲੋਂ ਭਰਿਆ ਡਾਟਾ ਦਰੁੱਸਤ ਹੈ, ਆਪਣੀ ਤਸੱਲੀ ਕਰਨ ਉਪਰੰਤ ਭਰੇ ਡਾਟੇ ਵਿੱਚ ਦਰੁੱਸਤੀ ਵੀ ਕਰ ਸਕਦੇ ਹਨ। ਬੀਪੀਈਓ/ਡੀਡੀਓ ਡਾਟਾ ਵੈਰੀਫਿਕੇਸ਼ਨ ਕਰਨ ਉਪਰੰਤ Approve ਦਾ ਬਟਨ ਦਬਾਉਣਗੇ।

7.0 ਜੇਕਰ ਕਿਸੇ ਅਧਿਆਪਕ ਨੂੰ ਬਦਲੀ ਅਪਲਾਈ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ E-Punjab School Portal ਤੇ ਉਪਲਬਧ ਹੈ।

7.7.25

**ਸਹਾਇਕ ਡਾਇਰੈਕਟਰ (ਅਮਲਾ-1)**